ਵਲੋ

ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ,ਪੰਜਾਬ,
ਐਸ.ਸੀ.ਓ.ਨੰਬਰ 49, ਸੈਕਟਰ 17-ਈ,ਚੰਡੀਗੜ੍ਹ।

ਸੇਵਾਵਿਖੇ

ਰਾਜ ਦੇ ਸਮੂਹ :
1) ਡਵੀਜ਼ਨਲ ਡਿਪਟੀ ਡਾਇਰੈਕਟਰ,ਪੰਚਾਇਤ;

2) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ; ਅਤੇ

3) ਬਲਾਕ ਵਿਕਾਸ ਤੇ ਪੰਚਾਇਤ ਅਫਸਰ ।

ਨੰ:ਜੇ.ਐਸ.ਐਸ/ਡੀ.ਡੀ.ਐਲ.ਡੀ/2000/ 9263-9420
ਚੰਡੀਗੜ੍ਹ,ਮਿਤੀ 11 ਅਪ੍ਰੈਲ, 2000.

ਵਿਸ਼ਾ:- ਸ਼ਾਮਲਾਤ ਜ਼ਮੀਨਾਂ ਨੂੰ ਸਾਲ 2000-2001 ਲਈ ਚਕੋਤੇ ਤੇ ਦੇਣ ਸਬੰਧੀ ।

***

ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਾਲ 2000-2001 ਲਈ ਗਰਾਮ ਪੰਚਾਇਤਾਂ ਵਲੋ ਜੋ ਜ਼ਮੀਨਾ ਚਕੋਤੇ ਤੇ ਦਿਤੀਆਂ ਜਾਣੀਆਂ ਹਨ ਉਨ੍ਹਾਂ ਦੇ ਚਕੋਤੇ ਦੇ ਰੇਟ ਹੇਠ ਲਿਖੇ ਅਨੁਸਾਰ ਹੋਣਗੇ :-

1) ਜਮੀਨ ਜਿਸ ਨੂੰ ਸਿੰਚਾਈ ਲਈ ਪਾਣੀ ਦਾ ਪ੍ਰਬੰਧ ਹੋਵੇ ਉਥੇ ਚਕੋਤੇ ਦਾ ਰੇਟ 4000/-ਰੁ ਪ੍ਰਤੀ ਏਕੜ ਤੋ ਘੱਟ ਨਹੀਂ ਹੋਣਾ ਚਾਹੀਦਾ ।

2) ਬਰਾਨੀ ਕਿਸਮ ਦੀ ਜਮੀਨ ਦੇ ਚਕੋਤੇ ਦਾ ਰੇਟ 2000 ਪ੍ਰਤੀ ਏਕੜ ਤੋ ਘੱਟ ਨਹੀਂ ਹੋਣਾ ਚਾਹੀਦਾ ।

ਜਿਥੇ ਕਿ ਪੂਰੀ ਕੋਸ਼ਿਸ਼ ਕਰਨ ਦੇ ਬਾਵਜੂਦ ਇਸ ਰੇਟ ਤੇ ਜਮੀਨ ਚਕੋਤੇ ਤੇ ਨਾ ਚੜ੍ਹਦੀ ਹੋਵੇ ਅਤੇ ਚਕੋਤੇ ਦੀ ਰਕਮ ਵਿਚ ਅੰਤਰ ਫਿਕਸ ਕੀਤੀ ਕੀਮਤ ਤੋ 10% ਤੱਕ ਹੋਵੇ, ਅਜਿਹੇ ਕੇਸਾਂ ਵਿੱਚ ਪੂਰੇ ਕਾਰਣ ਦਰਸਾਉਂਦੇ ਹੋਏ ਪ੍ਰਵਾਨਗੀ ਲਈ ਕੇਸ ਸਬੰਧਤ ਡਵੀਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤ ਨੂੰ ਭੇਜਿਆ ਜਾਵੇਗਾ । ਜਿਨ੍ਹਾਂ ਵਲੋ ਅਜਿਹੇ ਕੇਸਾਂ ਤੇ ਤੁਰੰਤ ਨਿਰਣਾ ਲੈ ਕੇ ਗਰਾਮ ਪੰਚਾਇਤ ਨੂੰ ਸੂਚਿਤ ਕੀਤਾ ਜਾਵੇਗਾ ।

ਇਸ ਤੋ ਇਲਾਵਾ ਜਿਥੇ ਕਿਤੇ ਚਕੋਤੇ ਦੇ ਰੇਟ ਵਿੱਚ ਅੰਤਰ ਫਿਕਸ ਕੀਤੇ ਰੇਟ 10% ਤੋ ਵੱਧ ਹੋਵੇ ਤਾਂ ਅਜਿਹੇ ਕੇਸ ਪ੍ਰਵਾਨਗੀ ਲਈ ਕਾਰਣ ਦਰਸਾਉਂਦੇ ਹੋਏ ਸਰਕਾਰ ਭੇਜੇ ਜਾਣ । ਇਨ੍ਹਾਂ ਹਦਾਇਤਾਂ ਦੀ ਇਨ ਬਿਨ ਪਾਲਣਾ ਕੀਤੀ ਜਾਵੇ ਅਤੇ ਇਸ ਪੱਤਰ ਪਹੁੰਚ ਰਸੀਦ ਭੇਜੀ ਜਾਵੇ ।

ਵਾ:ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ,ਪੰਜਾਬ,
ਚੰਡੀਗੜ੍ਹ ।